ਵੱਲ ਐਮ.ਐਚ.ਏ, ਹੋਮ ਡਿਪਾਰਟਮੈਂਟ, ਪੰਜਾਬ , ਡੀ.ਜੀ.ਪੀ/ਪੰਜਾਬ, ਏ.ਡੀ.ਜੀ.ਪੀ ਸਿਕਉਰਟੀ, ਏ.ਡੀ.ਜੀ.ਪੀ ਉਪਰੇਸ਼ਨ , ਏ.ਡੀ.ਜੀ.ਪੀ ਲਾਅ ਐਡੰ ਆਰਡਰ ਪੰਜਾਬ ਚੰਡੀਗੜ੍ਹ
ਆਈ.ਜੀ.ਪੀ ਕਰਾਈਮ, ਆਈ.ਜੀ.ਪੀ ਉਪਰੇਸ਼ਨ, ਆਈ.ਜੀ.ਪੀ ਇੰਟੀਲੀਜੈਂਸ , ਪੀ.ਪੀ.ਸੀ.ਆਰ ਚੰਡੀਗੜ੍ਹ,
ਕਾਪੀ ਡਿਪਟੀ ਇੰਸਪੈਕਟਰ ਜਰਨਲ ਆਫ ਪੁਲਿਸ ਫਿਰੋਜ਼ਪੁਰ ਰੇਜੰ ਫਿਰੋਜ਼ਪੁਰ ਕੈਂਟ,ਸੀਨੀਅਰ ਪੁਲਿਸ ਕਪਤਾਨ ਫਿਰੋਜ਼ਪੁਰ,ਐਸ.ਪੀ (ਸ),ਐਸ.ਪੀ (ਇਨਵੈਸਟੀਗੇਸ਼ਨ),ਐਸ.ਪੀ (ਉਪਰੇਸ਼ਨ) ,ਐਸ.ਪੀ (ਪੀ.ਬੀ.ਆਈ) ਫਿਰੋਜ਼ਪੁਰ
ਡੀ.ਐਸ.ਪੀ/ਸਿਟੀ,ਡੀ.ਐਸ.ਪੀ/ਡਿਟੈਕਟਿਵ, ਡੀ.ਐਸ.ਪੀ/ਸਬ ਡਿਵੀਜਨ, ਡੀ.ਐਸ.ਪੀ/ਹੈਡੱ ਕੁਆਟਰ, ਡੀ.ਐਸ.ਪੀ (ਸਪੈਸ਼ਲ ਬ੍ਰਾਂਚ), ਡੀ.ਐਸ.ਪੀ (ਐਨ.ਡੀ.ਪੀ.ਐਸ), ਡੀ.ਐਸ.ਪੀ (ਸਪੈਸ਼ਲ ਕਰਾਈਮ) ਡੀ.ਐਸ.ਪੀ/ਜੀਰਾ, ਡੀ.ਐਸ.ਪੀ/ਗੁਰੂਹਰਸਹਾਏ
ਵੱਲੋ ਪੁਲਿਸ ਕੰਟਰੋਲ ਰੂਮ ਫਿਰੋਜ਼ਪੁਰ
ਨੰਬਰ 344-59 ਪੀ.ਸੀ.ਆਰ ਫਿਰੋਜ਼ਪੁਰ ਮਿਤੀ :- 09.01.2023
ਵਿਸ਼ਾ ਰੋਜਾਨਾ ਕਰਾਈਮ ਰਿਪੋਰਟ ਜਿਲਾ ਫਿਰੋਜ਼ਪੁਰ ਮਿਤੀ :- 08.01.2023

| ਲੜੀ ਨੰ: | ਥਾਣੇ ਦਾ ਨਾਮ | ਮੁੱਕਦਮਾ ਨੰਬਰ, ਮਿਤੀ ਤੇ ਜੁਰਮ | ਘਟਨਾ ਦਾ ਸਮਾਂ, ਤਰੀਖ ਤੇ ਵਕੂਆ | ਮੁੱਦਈ ਦਾ ਪੂਰਾ ਪਤਾ, ਉਮਰ ਤੇ ਮੋਬਾਇਲ ਨੰਬਰ, | ਦੋੋਸ਼ੀ ਦਾ ਨਾਮ ਤੇ ਪੂਰਾ ਪਤਾ | ਦੋਸ਼ੀ ਗ੍ਰਿਫਤਾਰ ਹੈ ਜਾਂ ਨਹੀ | ਹਸਪਤਾਲ ਦਾ ਨਾਮ ਜਿੱਥੇ ਜਖ਼ਮੀ ਵਿਅਕਤੀ ਦਾਖਲ ਹੈ | ਪੀੜਤ ਦੀ ਉਮਰ ਅਗਵਾ, ਬਲਾਤਕਾਰ ਬਦਫੈਲੀ ਕੇਸਾਂ ਵਿੱਚ | ਸੰਖੇਪ ਹਲਾਤ | ਬਰਾਮਦਗੀ ਜੇਕਰ ਕੋਈ ਹੋਵੇ । | ਤਫਤੀਸ਼ੀ ਅਫ਼ਸਰ ਦਾ ਨਾਮ ਤੇ ਮੋਬਾਇਲ/ਨੰ: |
|---|---|---|---|---|---|---|---|---|---|---|---|
| 1 | ਘੱਲ ਖੁਰਦ | 03/08.01.2023<br>ਅ/ਧ<br>406/420/422/465/<br>467/468/471/120-ਬੀ<br>ਆਈ.ਪੀ.ਸੀ, | ਦਰਖਾਸਤ ਨੰਬਰ<br>3262 ਪੀ.ਸੀ<br>ਮਿਤੀ 01.07.2022<br>ਅਤੇ<br>1623 ਸਪੈਸ਼ਲ ਪੀ.ਸੀ<br>ਮਿਤੀ 02.08.2022 | ਵੇਦ ਪ੍ਰਕਾਸ਼<br>ਬ੍ਰਾਂਚ ਮੈਨੇਜਰ ਪ੍ਰਾਇਮਰੀ<br>ਸਹਿਕਾਰੀ ਖੇਤੀਬਾੜੀ<br>ਵਿਕਾਸ ਬੈਂਕ ਲਿਮਟਿਡ<br>ਕੈਂਟ ਫਿਰੋਜ਼ਪੁਰ<br>55 ਸਾਲ<br>94-640-94-289 | 1) ਕਰਨੈਲ ਸਿੰਘ ਪੁੱਤਰ ਬਚਿੱਤਰ ਸਿੰਘ<br>2) ਰਣਜੀਤ ਸਿੰਘ ਪੁੱਤਰ ਕਰਨੈਲ ਸਿੰਘ<br>ਵਾਸੀਅਨ ਬਸਤੀ ਧੱਲੇ ਕੀ<br>ਦਾਖਲੀ ਸੋਢੀ ਨਗਰ, ਥਾਣਾ ਘੱਲ ਖੁਰਦ<br>ਜਿਲ੍ਹਾ ਫਿਰੋਜ਼ਪੁਰ | ਨਹੀਂ | - | - | ਦੋਸ਼ੀਆਨ ਨੇ ਮਿਲੀਭੁਗਤ ਨਾਲ ਜਾਅਲੀ ਕਲੀਅਰਐਂਸ ਸਰਟੀਫਿਕੇਟ ਨੰਬਰ 1025 ਮਿਤੀ 20.12.15 ਬਣਾ ਕੇ ਬੈਂਕ ਪਾਸ ਰਹਿਣ ਕੀਤਾ ਰਕਬਾ ਫੱਕ ਕਰਵਾ ਲਿਆ ਤੇ ਦੋਸ਼ੀ ਕਰਨੈਲ ਸਿੰਘ ਨੇ ਆਪਣੇ ਲੜਕੇ ਰਣਜੀਤ ਸਿੰਘ ਦੇ ਨਾਮ ਪਰ ਟਰਾਂਸਫਰ ਕਰ ਦਿੱਤਾ , ਰਣਜੀਤ ਸਿੰਘ ਨੇ ਅੱਗੇ ਇਹ ਰਕਬਾ ਵੇਚ ਦਿੱਤਾ । ਕਰਲੈਲ ਸਿੰਘ ਨੇ ਆਪਣੀ ਰਹਿਣ ਵਾਲੀ ਜ਼ਮੀਨ ਮਿਤੀ 25.02.2016 ਨੂੰ ਫੱਕ ਕਰਵਾ ਲਈ ਅਤੇ ਇਸ ਬੈਂਕ ਨੂੰ ਲੋਨ ਦੀਆਂ ਕਿਸ਼ਤਾ 2020 ਤੱਕ ਜਮ੍ਹਾਂ ਕਰਾਉਦਾ ਰਿਹਾ ਤੇ ਬੈਂਕ ਦਾ ਰਹਿਣ ਰਕਬਾ ਖੁਰਦ ਬੁਰਦ ਕਰਕੇ ਕਰਨੈਲ ਸਿੰਘ ਤੇ ਰਣਜੀਤ ਸਿੰਘ ਨੇ ਬੈਂਕ ਨਾਲ ਠੱਗੀ ਮਾਰੀ ਹੈ । ਬਾਅਦ ਪੜਤਾਲ ਮੁੱਕਦਮਾ ਦਰਜ ਕੀਤਾ ਗਿਆ ਹੈ । | - | ਸ:ਥ<br>ਸੁਖਦੀਪ ਸਿੰਘ<br>98-153<br>73-844 |
| 2 | ਘੱਲ ਖੁਰਦ | 04/08.01.2023<br>ਅ/ਧ<br>304-ਏ/337/338/427<br>ਆਈ.ਪੀ.ਸੀ, | 08.30 ਪੀ.ਐਮ<br>04.01.2023<br>ਬਾਹੱਦ ਰਕਬਾ<br>ਪਿੰਡ ਫਿੱਡੇ | ਕਰਮ ਸਿੰਘ ਪੁੱਤਰ<br>ਨਿਰਮਲ ਸਿੰਘ<br>ਵਾਸੀ ਪਿੰਡ ਫਿੱਡੇ<br>ਥਾਣਾ ਘੱਲ ਖੁਰਦ<br>32 ਸਾਲ<br>95-925-21-272 | ਜਸਕਰਨ ਸਿੰਘ ਪੁੱਤਰ ਨਿਰਮਲ ਸਿੰਘ<br>ਵਾਸੀ ਪਿੰਡ ਲੰਡੇ<br>ਥਾਣਾ ਸਮਾਲਸਰ, ਜਿਲ੍ਹਾ ਮੋਗਾ | ਨਹੀਂ | ਸ੍ਰੀ ਗੁਰੂ<br>ਗੋਬਿੰਦ ਸਿੰਘ<br>ਮੈਡੀਕਲ<br>ਕਾਲਜ<br>ਫਰੀਦਕੋਟ | - | ਮੁੱਦਈ ਦਾ ਛੋਟਾ ਭਰਾ ਧਰਮ ਸਿੰਘ (30 ਸਾਲ) ਪੁੱਤਰ ਨਿਰਮਲ ਸਿੰਘ ਵਾਸੀ ਫਿੱਡੇ ਜੋ ਲੈਬੋਟਰੀ ਵਿੱਚ ਕੰਮ ਕਰਦਾ ਸੀ ਤੇ ਮਿਤੀ 04.01.2023 ਨੂੰ ਆਪਣੇ ਮੋਟਰਸਾਇਕਲ ਤੇ ਸਵਾਰ ਹੋ ਕੇ ਜਾ ਰਿਹਾ ਸੀ, ਜਦ ਉਹ ਬਾਹੱਦ ਰਕਬਾ ਪਿੰਡ ਫਿੱਡੇ ਪਾਸ ਪੁੱਜਾ ਤਾਂ ਦੋਸ਼ੀ ਜੋ ਟਰੈਕਟਰ ਮਗਰ ਟਰਾਲੀ ਲੈ ਕੇ ਜਾ ਰਿਹਾ ਸੀ, ਜਿਸ ਨੇ ਆਪਣਾ ਟਰੈਕਟਰ ਟਰਾਲੀ ਮੁੱਦਈ ਦੇ ਪਰਾ ਧਰਮ ਸਿੰਘ ਦੇ ਮੋਟਰਸਾਇਕਲ ਵਿੱਚ ਮਾਰਿਆ । ਇਸ ਹਾਦਸੇ ਵਿੱਚ ਧਰਮ ਸਿੰਘ ਜਖ਼ਮੀ ਗਿਆ ਤੇ ਮੋਟਰਸਾਇਕਲ ਨੁਕਸਾਨਿਆ ਗਿਆ । ਮੁੱਦਈ ਦੇ ਭਰਾ ਧਰਮ ਸਿੰਘ ਦੀ ਦੋਰਾਨੇ ਇਲਾਜ਼ ਸ੍ਰੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਵਿਖੇ ਮੌਤ ਹੋ ਗਈ । | - | ਸ:ਥ<br>ਹਰਪਾਲ ਸਿੰਘ<br>98-786<br>00-588 |
| 3 | ਤਲਵੰਡੀ ਭਾਈ | 01/08.01.2023<br>ਅ/ਧ<br>324/323/34<br>ਆਈ.ਪੀ.ਸੀ | 06.30 ਪੀ.ਐਮ<br>05.01.2023<br>ਬਾਹੱਦ ਰਕਬਾ<br>ਸ਼ਕਤੀ ਨਗਰ, ਖੋਸਾ<br>ਦਲ ਸਿੰਘ ਰੋਡ<br>ਤਲਵੰਡੀ ਭਾਈ | ਦੇਸ ਰਾਜ ਅਹੂਜਾ ਪੁੱਤਰ<br>ਅਮਰ ਨਾਥ<br>ਵਾਸੀ ਸ਼ਕਤੀ ਨਗਰ, ਖੋਸਾ<br>ਦਲ ਸਿੰਘ ਰੋਡ<br>ਤਲਵੰਡੀ ਭਾਈ<br>57 ਸਾਲ<br>98-554-00-367 | 1) ਅਮਿਤ ਛਾਬੜਾ ਪੁੱਤਰ ਮਨੋਹਰ ਲਾਲ<br>2) ਪੁਨੀਤ ਛਾਬੜਾ ਪੁੱਤਰ ਅਮਿਤ ਛਾਬੜਾ<br>ਵਾਸੀਅਨ ਮਲਕਾਣਾ ਮੁਹੱਲਾ<br>ਸਿਟੀ ਫਾਜਿਲਕਾ, ਥਾਣਾ ਸਿਟੀ ਫਾਜਿਲਕਾ<br>3) 01 ਅਣਪਛਾਤਾ ਆਦਮੀ | ਨਹੀਂ | ਸਿਵਲ<br>ਹਸਪਤਾਲ<br>ਫਿਰੋਜ਼ਪੁਰ | - | ਮੁੱਦਈ ਦੇ ਵੱਡੇ ਲੜਕੇ ਨਵੀਨ ਕੁਮਾਰ ਦਾ ਆਪਣੀ ਪਤਨੀ ਆਰਤੀ ਪੁੱਤਰੀ ਰਵੀ ਕਿਸ਼ਨ ਗੁਲਕਾਨੀ ਵਾਸੀ ਫਾਜਿਲਕਾ ਨਾਲ 13 ਸਾਲ ਤੋਂ ਸ਼ਾਦੀ ਸੁਦਾ ਹੈ, ਜੋ ਕੈਨੇਡਾ ਵਿੱਚ ਰਹਿੰਦੇ ਹਨ , ਜਿਨਾ ਦਾ ਆਪਸ ਵਿੱਚ ਝਗੜਾ ਚਲ ਰਿਹਾ ਹੈ, ਜਿਸ ਦਾ ਫੈਸਲਾ ਕਰਨ ਲਈ ਮੁੱਦਈ ਤੇ ਉਸਦਾ ਦੋਸਤ ਹਰਪ੍ਰੀਤ ਸਿੰਘ ਕੁਝ ਦਿਨ ਪਹਿਲਾਂ ਫਾਜਿਲਕਾ ਵੀ ਜਾ ਕੇ ਆਏ ਸਨ ਜੋ ਰਾਜੀਨਾਮੇ ਲਈ 5-1/2 ਲੱਖ ਡਾਲਰ ਦੀ ਮੰਗ ਕਰ ਰਹੇ ਹਨ ਜਿਸ ਕਰਕੇ ਰਾਜੀਨਾਮੇ ਦੀ ਗੱਲ ਸਿਰੇ ਨਹੀਂ ਚੜੀ । ਇਸੇ ਰੰਜਿਸ਼ ਕਰਕੇ ਦੋਸ਼ੀਆਨ ਨੇ ਹਮਮਸ਼ਵਰਾ ਹੋ ਕੇ ਮੁੱਦਈ ਦੇ ਘਰ ਜਾ ਕੇ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ । | - | ਸ:ਥ<br>ਪਾਲ ਸਿੰਘ<br>62-835<br>43-046 |
| 4 | ਸਦਰ ਜੀਰਾ | 04/08.01.2023<br>ਅ/ਧ<br>324/34<br>ਆਈ.ਪੀ.ਸੀ | 05.30 ਪੀ.ਐਮ<br>07.01.2023<br>ਬਾਹੱਦ ਰਕਬਾ<br>ਪਿੰਡ ਚੱਬਾ | ਜੰਗੀਰ ਸਿੰਘ ਪੁੱਤਰ<br>ਅਮਰ ਸਿੰਘ<br>ਵਾਸੀ ਪਿੰਡ ਚੱਬਾ<br>ਥਾਣਾ ਸਦਰ ਜੀਰਾ<br>ਜਿਲ੍ਹਾ ਫਿਰੋਜ਼ਪੁਰ<br>95-929-63-951 | 1) ਹਰਜੀਤ ਕੌਰ ਪਤਨੀ ਬੀਜਾ ਸਿੰਘ<br>2) ਲਵਪ੍ਰੀਤ ਸਿੰਘ ਪੁੱਤਰ ਜੁਗਰਾਜ ਸਿੰਘ<br>3) ਸਰਬਜੀਤ ਕੌਰ ਪਤਨੀ ਜੁਗਰਾਜ ਸਿੰਘ<br>4) ਮਨਵੀਰ ਸਿੰਘ ਪੁੱਤਰ ਬੀਜਾ ਸਿੰਘ<br>ਵਾਸੀਅਨ ਪਿੰਡ ਚੱਬਾ, ਥਾਣਾ ਸਦਰ ਜੀਰਾ | ਨਹੀਂ | ਸਿਵਲ<br>ਹਸਪਤਾਲ<br>ਜੀਰਾ | - | ਦੋਸ਼ੀਆਨ ਨੇ ਹਮਮਸ਼ਵਰਾ ਹੋ ਕੇ ਮੁੱਦਈ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ । ਵਜਾ ਰੰਜਿਸ਼ :- ਮੁੱਦਈ ਜੋ ਕੈਨੇਡਾ ਤੋਂ ਵਾਪਿਸ ਆਇਆ ਹੈ ਤੇ ਇਹ ਦੋਸ਼ੀਆਨ ਕਹਿੰਦੇ ਹਨ ਕਿ ਤੈਨੂੰ ਵਿਦੇਸ਼ ਵਾਪਿਸ ਨਹੀਂ ਜਾਣ ਦੇਣਾ । ਜਿਸ ਕਰਕੇ ਮੁੱਦਈ ਦੇ ਸੱਟਾਂ ਮਾਰੀਆਂ । | | ਸਬ<br>ਇੰਸਪੈਕਟਰ<br>ਗੁਰਵਿੰਦਰ ਪਾਲ<br>ਸਿੰਘ<br>98-882<br>74-545 |
| 5 | ਮੱਖੂ | 06/08.01.2023<br>ਅ/ਧ<br>379<br>ਆਈ.ਪੀ.ਸੀ,<br>21 (3) ਮਾਈਨਿੰਗ ਐਂਡ<br>ਮਿਨਰਲ ਐਕਟ 1957 | 06.15 ਪੀ.ਐਮ<br>08.01.2023<br>ਬਾਹੱਦ ਰਕਬਾ<br>ਬੰਨ ਦਰਿਆ ਪਿੰਡ<br>ਅਕਬਰ ਵਾਲਾ | ਸ:ਥ ਸਤਪਾਲ<br>ਥਾਣਾ ਮੱਖੂ<br>ਜਿਲ੍ਹਾ ਫਿਰੋਜ਼ਪੁਰ<br>79-867-22-524 | ਮੁਖਤਿਆਰ ਸਿੰਘ ਪੁੱਤਰ ਮੇਘਾ ਸਿੰਘ<br>ਵਾਸੀ ਪਿੰਡ ਲਾਲੂ ਵਾਲਾ<br>ਥਾਣਾ ਮੱਖੂ,ਜਿਲ੍ਹਾ ਫਿਰੋਜ਼ਪੁਰ | ਨਹੀਂ | - | - | ਸ:ਥ ਸਤਪਾਲ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬਧ ਵਿੱਚ ਬਾਹੱਦ ਰਕਬਾ ਏਰੀਆ ਥਾਣਾ ਮੱਖੂ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋਸ਼ੀ ਮੁਖਤਿਆਰ ਸਿੰਘ ਜੋ ਆਪਣੇ ਟਰੈਕਟਰ ਸੋਨਾਲਿਕਾ ਡੀ ਆਈ 750 ਮਗਰ ਟਰਾਲੀ ਪਾ ਕੇ ਰੇਤਾ ਦੀ ਲੋਡ ਕਰਕੇ ਗੈਰ ਕਾਨੂੰਨੀ ਮਾਈਨਿੰਗ ਕਰਦਾ ਹੈ, ਜੇਕਰ ਹੁਣੇ ਨਾਕਾਬੰਦੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ । ਪੁਲਿਸ ਪਾਰਟੀ ਦੁਆਰਾ ਨਾਕਾਬੰਦੀ ਕੀਤੀ ਗਈ ਤਾਂ ਦੋਸ਼ੀ ਨਾਕਾਬੰਦੀ ਦੇਖ ਕੇ ਮੋਕਾ ਪਰ ਟਰੈਕਟਰ ਸਮੇਤ ਟਰਾਲੀ ਰੇਤਾ ਨਾਲ ਭਰੀ ਛੱਡ ਕੇ ਫਰਾਰ ਹੋ ਗਿਆ । | 01 ਟਰੈਕਟਰ<br>ਸਮੇਤ ਟਰਾਲੀ<br>ਰੇਤਾ ਨਾਲ<br>ਭਰੀ । | ਸ:ਥ<br>ਸਤਪਾਲ<br>79-867<br>22-524 |

| ਲੜੀ ਨੰ: | ਥਾਣੇ ਦਾ ਨਾਮ | ਮੁੱਕਦਮਾ ਨੰਬਰ, ਮਿਤੀ ਤੇ ਜੁਰਮ | ਘਟਨਾ ਦਾ ਸਮਾਂ, ਤਰੀਖ ਤੇ ਵਕੂਆ | ਮੁੱਦਈ ਦਾ ਪੂਰਾ ਪਤਾ, ਉਮਰ ਤੇ ਮੋਬਾਇਲ ਨੰਬਰ, | ਦੋਸ਼ੀ ਦਾ ਨਾਮ ਤੇ ਪੂਰਾ ਪਤਾ | ਦੋਸ਼ੀ ਗ੍ਰਿਫਤਾਰ ਹੈ ਜਾਂ ਨਹੀ | ਹਸਪਤਾਲ ਦਾ ਨਾਮ ਜਿੱਥੇ ਜਖ਼ਮੀ ਵਿਅਕਤੀ ਦਾਖਲ ਹੈ | ਪੀੜਤ ਦੀ ਉਮਰ ਅਗਵਾ, ਬਲਾਤਕਾਰ ਬਦਫੈਲੀ ਕੇਸਾਂ ਵਿੱਚ | ਸੰਖੇਪ ਹਲਾਤ | ਬਰਾਮਦਗੀ ਜੇਕਰ ਕੋਈ ਹੋਵੇ । | ਤਫਤੀਸ਼ੀ ਅਫ਼ਸਰ ਦਾ ਨਾਮ ਤੇ ਮੋਬਾਇਲ/ਨੰ: |
|---|---|---|---|---|---|---|---|---|---|---|---|
| 6 | ਸਿਟੀ ਫਿਰੋਜ਼ਪੁਰ | 13/08.01.2023<br>ਅ/ਧ<br>25/54/59<br>ARMS ACT | 06.00 ਪੀ.ਐਮ<br>08.01.2023<br>ਬਾਹੱਦ ਰਕਬਾ<br>ਦਾਣਾ ਮੰਡੀ<br>ਸਿਟੀ ਫਿਰੋਜ਼ਪੁਰ | ਸ:ਥ ਗੁਰਦੇਵ ਸਿੰਘ<br>ਥਾਣਾ ਸਿਟੀ ਫਿਰੋਜ਼ਪੁਰ<br>ਜਿਲ੍ਹਾ ਫਿਰੋਜ਼ਪੁਰ<br>70-874-00-914 | ਸੁੱਚਾ ਪੁੱਤਰ ਬਹਾਦਰ<br>ਵਾਸੀ ਸੂਬਾ ਕਾਹਨ ਚੰਦ ਹਾਲ<br>ਵਾਸੀ ਨਿਊ ਏਕਤਾ ਨਗਰ ਅਲੀ ਕੇ ਰੋਡ<br>ਸਿਟੀ ਫਿਰੋਜ਼ਪੁਰ<br>ਥਾਣਾ ਸਿਟੀ ਫਿਰੋਜ਼ਪੁਰ, ਜਿਲ੍ਹਾ ਫਿਰੋਜ਼ਪੁਰ | ਗ੍ਰਿਫਤਾਰ ਹੈ | | | ਸ:ਥ ਗੁਰਦੇਵ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬਧ ਵਿੱਚ ਬਾਹੱਦ ਰਕਬਾ ਬਾਂਸੀ ਗੇਟ ਸਿਟੀ ਫਿਰੋਜ਼ਪੁਰ ਵਿਖੇ ਮੋਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋਸ਼ੀ ਸੁੱਚਾ ਪੁੱਤਰ ਬਹਾਦਰ ਪਾਸ ਇੱਕ ਨਜਾਇਜ਼ ਪਿਸਟਲ ਹੈ, ਜੋ ਇਹ ਹਮੇਸ਼ਾ ਆਪਣੇ ਪਾਸ ਰੱਖਦਾ ਹੈ, ਜੋ ਦਾਣਾ ਮੰਡੀ ਸਿਟੀ ਫਿਰੋਜ਼ਪੁਰ ਵਿਖੇ ਘੁੰਮ ਰਿਹਾ ਹੈ । ਜੇਕਰ ਹੁਣੇ ਇਸ ਪਰ ਰੇਡ ਕੀਤਾ ਜਾਵੇ ਤਾਂ ਕਾਬੂ ਆ ਸਕਦਾ ਹੈ। ਪੁਲਿਸ ਪਾਰਟੀ ਦੁਆਰਾ ਦੋਸ਼ੀ ਤੇ ਰੇਡ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੋਰਾਨ 01 ਰਿਵਾਲਵਰ 32 ਬੋਰ ਬਿਨਾ ਨੰਬਰੀ ਅਤੇ 02 ਜਿੰਦਾ ਕਾਰਤੂਸ 32 ਬੋਰ ਬਰਾਮਦ ਹੋਏ । | 01 ਰਿਵਾਲਵਰ 32 ਬੋਰ ਬਿਨਾ ਨੰਬਰੀ ਅਤੇ 02 ਜਿੰਦਾ ਕਾਰਤੂਸ 32 ਬੋਰ | ਸ:ਥ<br>ਗੁਰਦੇਵ ਸਿੰਘ<br>70-874<br>00-914 |
| 7 | ਸਿਟੀ ਫਿਰੋਜ਼ਪੁਰ | 14/08.01.2023<br>ਅ/ਧ<br>420/465/466/467/<br>468/471/474/120-ਬੀ<br>ਆਈ.ਪੀ.ਸੀ | ਪੱਤਰ ਨੰਬਰ<br>2826<br>ਮਿਤੀ 23.12.2022 | ਸਹਾਇਕ ਸੁਪਰਡੈਂਟ<br>ਕੇਂਦਰੀ ਜੇਲ ਫਿਰੋਜ਼ਪੁਰ<br>01632-244013 | 1) ਹਵਾਲਾਤੀ ਸੰਨੀ ਪੁੱਤਰ ਤਰਸੇਮ ਲਾਲ<br>ਵਾਸੀ ਗੁਰੂ ਕੀ ਵਡਾਲੀ ਛੇਹਰਟਾ<br>ਹਾਲ ਮਦਨ ਲਾਲ ਢੀਂਗਰਾ ਕਲੋਨੀ ਰਾਮ<br>ਤੀਰਥ ਰੋਡ ਸ੍ਰੀ ਅਮ੍ਰਿਤਸਰ<br>ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ<br>2) ਨਾਮਲੂਮ ਵਿਅਕਤੀਆਂ | ਨਹੀਂ | - | - | ਮਿਤੀ 23.12.2022 ਨੂੰ ਇੱਕ ਹਵਾਲਾਤੀ ਸੰਨੀ ਪੁੱਤਰ ਤਰਸੇਮ ਲਾਲ ਜੋ ਇਸ ਜੇਲ੍ਹ ਵਿੱਚ ਬਤੌਰ ਹਵਾਲਾਤੀ ਮਿਤੀ 18.05.2022 ਨੂੰ ਦਾਖਲ ਹੋਇਆ ਸੀ , ਨੂੰ ਜੇਲ੍ਹ ਦੀ ਸਰਕਾਰੀ ਈ-ਮੇਲ ਆਈ.ਡੀ ਪਰ ਪ੍ਰਾਪਤ ਹੋਏ ਕੋਰਟ ਦੇ ਆਰਡਰਾਂ ਦੀ ਪਾਲਣਾ ਕਰਦੇ ਹੋਏ , ਇਸ ਨੂੰ 11 ਦਿਨ ਦੀ ਅੰਤਰਿਮ ਜਮਾਨਤ ਤੇ ਰਿਹਾਅ ਕੀਤਾ ਗਿਆ ਸੀ, ਪ੍ਰੰਤੂ ਉਕਤ ਹਵਾਲਾਤੀ ਨੇ ਮਿਤੀ 02.01.2023 ਨੂੰ ਜੇਲ੍ਹ ਤੇ ਅੰਤਰਿਮ ਜਮਾਨਤ ਖ਼ਤਮ ਹੋਣ ਤੇ ਸਰੈਂਡਰ ਨਹੀਂ ਕੀਤਾ । ਇਸ ਸੰਬਧ ਵਿੱਚ ਮਾਨਯੋਗ ਟਰਾਇਲ ਕੋਰਟ ਨੂੰ ਮਿਤੀ 03.01.2023 ਨੂੰ ਪੱਤਰ ਨੰਬਰ 2747 ਰਾਹੀਂ ਸੂਚਿਤ ਕੀਤਾ ਗਿਆ । ਇਸ ਸੰਬਧ ਵਿੱਚ ਮਾਨਯੋਗ ਟਰਾਇਲ ਕੋਰਟ ਵੱਲੋਂ ਹਵਾਲਾਤੀ ਵਰੰਟ ਦਫ਼ਤਰ ਤੇ ਤਾਇਨਾਤ ਕ੍ਰਮਚਾਰੀਆਂ ਵਾਰਡਰ ਮਨਜੀਤ ਸਿੰਘ ਨੰਬਰ 4642 ਅਤੇ ਵਾਰਡਰ ਗੁਰਭੇਜ ਸਿੰਘ ਨੰਬਰ 2707 ਨੂੰ ਮਿਤੀ 03.01.2023 ਨੂੰ ਬੁਲਾਇਆ ਗਿਆ, ਜਿੱਥੇ ਇਹ ਪਤਾ ਲੱਗਾ ਕਿ ਉਕਤ ਹਵਾਲਾਤੀ ਦੇ ਅੰਤਰਿਮ ਜਮਾਨਤ ਦੇ ਆਰਡਰ ਕੋਰਟ ਵੱਲੋਂ ਨਹੀਂ ਜਾਰੀ ਕੀਤੇ ਗਏ ਸਨ । ਇਸ ਸੰਬਧ ਵਿੱਚ ਜੇਲ ਦੇ ਕ੍ਰਮਚਾਰੀਆਂ ਦੇ ਨਿਮਨਹਸਤਾਖਰੀ ਨੂੰ ਜਾਣੂ ਕਰਾਇਆ ਗਿਆ । ਇਸ ਉਪਰੰਤ ਉਕਤ ਹਵਾਲਾਤੀ ਦੀ ਅੰਤਰਿਮ ਜਮਾਨਤ ਦੇ ਆਰਡਰਾਂ ਦੀ ਈ-ਮੇਲ ਆਈ.ਡੀ ਨੂੰ ਵਾਚਿਆ ਗਿਆ ਜੋ ਕਿ ferozepurcourts@protonmail.com ਪਾਇਆ ਗਿਆ ਜੋ ਕਿ ਫੇਕ ਜਾਪਦੀ ਹੈ । | - | ਇੰਸਪੈਕਟਰ/<br>ਮੁੱਖ ਅਫ਼ਸਰ<br>ਮੋਹਿਤ ਧਵਨ<br>96-468<br>02-000 |
| 8 | ਆਰਿਫ਼ ਕੇ | 03/08.01.2023<br>ਅ/ਧ<br>21/61/85<br>NDPS ACT | 03.28 ਪੀ.ਐਮ<br>08.01.2023<br>ਬਾਹੱਦ ਰਕਬਾ<br>ਪੁਲ ਸੂਆ ਪਿੰਡ<br>ਅਟਾਰੀ | ਸ:ਥ ਮਹਿਤਾਬ ਸਿੰਘ<br>ਥਾਣਾ ਆਰਿਫ਼ ਕੇ<br>ਜਿਲ੍ਹਾ ਫਿਰੋਜ਼ਪੁਰ<br>84-373-49-506 | ਅਨਮੋਲਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ<br>ਵਾਸੀ ਗੈਧਰ<br>ਥਾਣਾ ਆਰਿਫ਼ ਕੇ ਜਿਲ੍ਹਾ ਫਿਰੋਜ਼ਪੁਰ | ਗ੍ਰਿਫਤਾਰ ਹੈ । | - | - | ਸ:ਥ ਮਹਿਤਾਬ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬਧ ਵਿੱਚ ਬਾਹੱਦ ਰਕਬਾ ਪੁਲ ਸੂਆ ਪਿੰਡ ਅਟਾਰੀ ਪਰ ਪੁੱਜੇ ਤਾਂ ਇੱਕ ਨੌਜਵਾਨ ਪੈਦਲ ਆਉਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਦੇਖ ਕੇ ਘਬਰਾ ਗਿਆ ਤੇ ਇੱਕ ਦਮ ਪਿੱਛੇ ਮੁੜ ਪਿਆ, ਜਿਸ ਨੂੰ ਪੁਲਿਸ ਪਾਰਟੀ ਦੁਆਰਾ ਸ਼ੱਕ ਦੀ ਬਿਨਾਅ ਪਰ ਕਾਬੂ ਕਰਕੇ ਨਾਮ ਪਤਾ ਪੁੱਛਿਆ ਗਿਆ ਤੇ ਤਲਾਸ਼ੀ ਦੋਰਾਨ 23 ਗ੍ਰਾਮ ਹੈਰੋਇਨ ਬਰਾਮਦ ਹੋਈ । | 23 ਗ੍ਰਾਮ ਹੈਰੋਇਨ । | ਸ:ਥ<br>ਮਹਿਤਾਬ ਸਿੰਘ<br>84-373<br>49-506 |
| 9 | ਸਿਟੀ ਜੀਰਾ | 05/08.01.2023<br>ਅ/ਧ<br>21/61/85<br>NDPS ACT | 06.30 ਪੀ.ਐਮ<br>08.01.2023<br>ਬਾਹੱਦ ਰਕਬਾ<br>ਨੇੜੇ ਸਾਈ ਮੰਦਿਰ<br>ਸਿਟੀ ਜੀਰਾ | ਸ:ਥ ਸਾਹਿਬ ਸਿੰਘ<br>ਸੀ.ਆਈ.ਏ ਸਟਾਫ਼<br>ਜੀਰਾ<br>ਜਿਲ੍ਹਾ ਫਿਰੋਜ਼ਪੁਰ<br>97-803-04-191 | ਧਰਮਿੰਦਰ ਸਿੰਘ ਪੁੱਤਰ ਹੀਰਾ ਸਿੰਘ<br>ਵਾਸੀ ਟਿੱਬਾ ਬਸਤੀ ਜੀਰਾ<br>ਥਾਣਾ ਸਿਟੀ ਜੀਰਾ ਜਿਲ੍ਹਾ ਫਿਰੋਜ਼ਪੁਰ | ਗ੍ਰਿਫਤਾਰ ਹੈ। | - | - | ਸ:ਥ ਸਾਹਿਬ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸੰਬਧ ਵਿੱਚ ਬਾਹੱਦ ਰਕਬਾ ਸ਼ੇਰਾਂ ਵਾਲਾ ਚੌਕਂ ਪਾਸ ਮੋਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਦੋਸ਼ੀ ਬਾਹਰੋਂ ਹੈਰੋਇਨ ਲਿਆ ਕੇ ਜੀਰਾ ਸ਼ਹਿਰ ਵਿੱਚ ਤੁਰ ਫਿਰ ਕੇ ਵੇਚਣ ਦਾ ਕੰਮ ਕਰਦਾ ਹੈ, ਜੋ ਹੁਣ ਵੀ ਨੇੜੇ ਸਾਈਂ ਮੰਦਿਰ ਜੀਰਾ ਪਾਸ ਖੜਾ ਗਾਹਕਾਂ ਦੀ ਉਡੀਕ ਕਰ ਰਿਹਾ ਹੈ । ਪੁਲਿਸ ਪਾਰਟੀ ਦੁਆਰਾ ਦੋਸ਼ੀ ਤੇ ਰੇਡ ਕਰਕੇ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੋਰਾਨ 55 ਗ੍ਰਾਮ ਹੈਰੋਇਨ ਬਰਾਮਦ ਹੋਈ। | 55 ਗ੍ਰਾਮ ਹੈਰੋਇਨ । | ਸ:ਥ<br>ਸੁਖਬੀਰ ਸਿੰਘ<br>ਥਾਣਾ ਸਿਟੀ<br>ਜੀਰਾ<br>78-884<br>42-051 |

| ਕੁੱਲ = 09 | ਆਈ.ਪੀ.ਸੀ | ਮਾਈਨਿੰਗ ਐਕਟ | ਆਰਮਜ਼ ਐਕਟ | ਐਨ.ਡੀ.ਪੀ.ਐਸ ਐਕਟ |
|---|---|---|---|---|
| | 05 | 01 | 01 | 02 |

ਮੋਹਨ ਲਾਲ ਸ:ਥ
ਪੁਲਿਸ ਕੰਟਰੋਲ ਰੂਮ ਫਿਰੋਜ਼ਪੁਰ
ਮਿਤੀ :- 09.01.2023